Punjabi – Number 51d
September 2021

# ਤਪਦਿਕ (ਟੀਬੀ) ਚਮੜੀ ਦਾ ਟੈਸਟ
# Tuberculosis (TB) Skin Test

## ਟੀਬੀ ਕੀ ਹੈ?

ਤਪਦਿਕ (ਟੀਬੀ) ਹਵਾ ਰਾਹੀਂ ਫੈਲਣ ਵਾਲੇ ਰੋਗਾਣੂ (ਬੈਕਟੀਰੀਆ) ਕਰਕੇ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ। ਉਹ ਵਿਅਕਤੀ ਜਿਸ ਦੇ ਫੇਫੜਿਆਂ ਵਿੱਚ ਸਕ੍ਰੀਏ ਟੀਬੀ ਦੀ ਬਿਮਾਰੀ ਹੈ, ਟੀਬੀ ਦੀ ਬਿਮਾਰੀ ਨੂੰ ਕਿਸੇ ਹੋਰ ਵਿਅਕਤੀ ਤੱਕ ਫੈਲਾ ਸਕਦਾ ਹੈ। ਜਦੋਂ ਸਕ੍ਰੀਏ ਟੀਬੀ ਵਾਲਾ ਵਿਅਕਤੀ ਖੰਘਦਾ, ਛਿੱਕਦਾ, ਗਾਉਂਦਾ ਜਾਂ ਗੱਲ ਕਰਦਾ, ਤਾਂ ਉਹ ਹਵਾ ਰਾਹੀਂ ਟੀਬੀ ਦੇ ਕੀਟਾਣੂ ਫੈਲਾਉਂਦੇ ਹਨ।

ਟੀਬੀ ਆਮ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਇਹ ਸਰੀਰ ਦੇ ਹੋਰ ਹਿੱਸਿਆਂ ਜਿਵੇਂ ਕਿ ਗ੍ਰੰਥੀਆਂ, ਹੱਡੀਆਂ, ਜੋੜਾਂ, ਗੁਰਦਿਆਂ, ਦਿਮਾਗ ਅਤੇ ਜਣਨ ਅੰਗਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਤੁਸੀਂ ਟੀਬੀ ਦਾ ਇਲਾਜ ਕਰ ਸਕਦੇ ਹੋ। ਬੀ.ਸੀ. ਵਿੱਚ, ਟੀਬੀ ਨੂੰ ਰੋਕਣ ਜਾਂ ਠੀਕ ਕਰਨ ਲਈ ਦਵਾਈਆਂ ਪ੍ਰੋਵਿੰਸ਼ੀਅਲ ਟੀਬੀ ਸਰਵਿਸਿਜ਼ ਅਤੇ ਪਬਲਿਕ ਹੈਲਥ ਯੂਨਿਟਾਂ ਰਾਹੀਂ ਮੁਫ਼ਤ ਹਨ। ਟੀਬੀ ਬਾਰੇ ਹੋਰ ਜਾਣਕਾਰੀ ਲਈ, ਵੇਖੋ: HealthLinkBC File #51a ਤਪਦਿਕ (ਟੀਬੀ)।

## ਟੀਬੀ ਚਮੜੀ ਦਾ ਟੈਸਟ ਕੀ ਹੈ?

ਤੁਸੀਂ ਟੀਬੀ ਦੀ ਲਾਗ ਦੀ ਜਾਂਚ ਕਰਨ ਲਈ ਟੀਬੀ ਚਮੜੀ ਦੇ ਟੈਸਟ (TST) ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਹ ਦੇਖਣ ਲਈ ਇੱਕ TST ਕਰ ਸਕਦੇ ਹੋ ਕਿ ਕੀ ਤੁਸੀਂ ਟੀਬੀ ਦੇ ਸੰਪਰਕ ਵਿੱਚ ਆਏ ਹੋ। ਇਹ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸਦਾ ਹੈ ਕਿ ਕੀ ਤੁਹਾਡੇ ਸਰੀਰ ਨੇ ਪਹਿਲਾਂ ਟੀਬੀ ਦੇ ਬੈਕਟੀਰੀਆ ਨੂੰ "ਦੇਖਿਆ" ਹੈ। ਇੱਕ TST ਇਹ ਨਹੀਂ ਦੱਸ ਸਕਦਾ ਕਿ ਤੁਸੀਂ ਕਿੰਨੇ ਸਮੇਂ ਤੋਂ ਟੀਬੀ ਨਾਲ ਸੰਕਰਮਿਤ ਹੋ। ਇਕੱਲਾ ਇਹ ਟੈਸਟ ਇਹ ਨਹੀਂ ਦੱਸਦਾ ਹੈ ਕਿ ਕੀ ਟੀਬੀ ਦੇ ਬੈਕਟੀਰੀਆ ਨਿਹਿਤ (ਸੁਸਤ ਜਾਂ ਸੋਈ ਹੋਈ) ਜਾਂ ਸਕ੍ਰੀਏ ਹਨ।

## ਟੀਬੀ ਚਮੜੀ ਦਾ ਟੈਸਟ (TST) ਕਿਸਨੂੰ ਕਰਵਾਉਣਾ ਚਾਹੀਦਾ ਹੈ?

ਜੇ ਤੁਹਾਨੂੰ ਟੀਬੀ ਦੀ ਬਿਮਾਰੀ ਦੇ ਲੱਛਣ ਹਨ, ਸਕ੍ਰੀਏ ਟੀਬੀ ਦੀ ਬਿਮਾਰੀ ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ, ਜਾਂ ਇਹ ਜਾਣਨਾ ਚਾਹੁੰਦੇ ਹੋ ਕਿ ਕੀ ਤੁਹਾਨੂੰ ਟੀਬੀ ਦੀ ਲਾਗ ਹੈ, ਤਾਂ ਜਾਂਚ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।

ਫੇਫੜਿਆਂ ਦੀ ਸਕ੍ਰੀਏ ਟੀਬੀ ਬਿਮਾਰੀ ਦੇ ਲੱਛਣਾਂ ਵਿੱਚ 2 ਤੋਂ 3 ਹਫ਼ਤੇ ਜਾਂ ਇਸ ਤੋਂ ਵੱਧ ਸਮੇਂ ਤੱਕ ਖੰਘ, ਖੂਨ ਭਰੀ ਥੁੱਕ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲੱਗਣਾ, ਬਿਨਾਂ ਕਾਰਨ ਤੋਂ ਭਾਰ ਘਟਣਾ, ਥਕਾਵਟ, ਛਾਤੀ ਵਿੱਚ ਦਰਦ ਅਤੇ ਸਾਹ ਚੜ੍ਹਨਾ ਸ਼ਾਮਲ ਹਨ।

ਨਿਹਿਤ ਟੀਬੀ ਦੀ ਲਾਗ (LTBI) ਉਦੋਂ ਵਾਪਰਦੀ ਹੈ ਜਦੋਂ ਟੀਬੀ ਦੇ ਕੀਟਾਣੂ ਤੁਹਾਡੇ ਸਰੀਰ ਵਿੱਚ ਸੋਏ (ਸੁਸਤ) ਹੁੰਦੇ ਹਨ। ਜੇਕਰ ਤੁਹਾਨੂੰ LTBI ਹੈ, ਤਾਂ ਤੁਸੀਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਕ੍ਰੀਏ ਟੀਬੀ ਦੀ ਬਿਮਾਰੀ ਨੂੰ ਰੋਕਣ ਦੇ ਸਭ ਤੋਂ ਵਧੀਆ ਤਰੀਕਿਆਂ ਬਾਰੇ ਗੱਲ ਕਰ ਸਕਦੇ ਹੋ। ਟੀਬੀ ਦਾ ਕੀਟਾਣੂ ਸਾਰੀ ਉਮਰ ਤੁਹਾਡੇ ਸਰੀਰ ਵਿੱਚ ਸੁੱਤਾ ਰਹਿ ਸਕਦਾ ਹੈ ਜਾਂ ਇਹ ਜਾਗ ਸਕਦਾ ਹੈ, ਗੁਣਾ (ਵਧਣਾ) ਹੋਣਾ ਸ਼ੁਰੂ ਕਰ ਸਕਦਾ ਹੈ ਅਤੇ ਤੁਹਾਨੂੰ ਸਕ੍ਰੀਏ ਟੀਬੀ ਦੀ ਬਿਮਾਰੀ ਨਾਲ ਬਿਮਾਰ ਕਰ ਸਕਦਾ ਹੈ। ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਜੇ ਇਹ ਹੋਵੇਗਾ ਜਾਂ ਕਦੋਂ ਹੋਵੇਗਾ। ਅਜਿਹਾ ਹੋਣ ਦੀ ਸੰਭਾਵਨਾ ਉਦੋਂ ਵੱਧ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਇਹ ਇਸ ਲਈ ਹੈ ਕਿਉਂਕਿ ਇਮਿਊਨ ਸਿਸਟਮ ਟੀਬੀ ਦੇ ਕੀਟਾਣੂਆਂ ਨੂੰ ਨੀਂਦ ਦੀ ਸਥਿਤੀ ਵਿੱਚ ਰੱਖਦਾ ਹੈ ਅਤੇ ਉਹਨਾਂ ਨੂੰ ਗੁਣਾ ਹੋਣ ਤੋਂ ਰੋਕਦਾ ਹੈ।

## ਟੀਬੀ ਚਮੜੀ ਦਾ ਟੈਸਟ ਕਿਵੇਂ ਕੀਤਾ ਜਾਂਦਾ ਹੈ?

TST ਦੋ ਭਾਗਾਂ ਵਾਲਾ ਟੈਸਟ ਹੁੰਦਾ ਹੈ।

**ਪਹਿਲੀ ਅਪੌਇੰਟਮੈਂਟ**
ਇੱਕ ਹੈਲਥਕੇਅਰ ਪ੍ਰੈਕਟੀਸ਼ਨਰ ਤੁਹਾਡੀ ਬਾਂਹ ਉੱਤੇ ਚਮੜੀ ਦੀ ਉਪਰਲੀ ਪਰਤ ਦੇ ਹੇਠਾਂ ਟਿਊਬਰਸੋਲ (Tubersol®) ਨਾਮਕ ਇੱਕ ਟੈਸਟ ਪਦਾਰਥ ਦੀ ਛੋਟੀ ਜਿਹੀ ਮਾਤਰਾ ਨੂੰ ਟੀਕੇ ਰਾਹੀਂ ਅੰਦਰ ਪਾਉਂਦਾ ਹੈ।

**ਦੂਜੀ ਅਪੌਇੰਟਮੈਂਟ 48 ਤੋਂ 72 ਘੰਟਿਆਂ ਬਾਅਦ**
ਹੈਲਥ ਕੇਅਰ ਪ੍ਰੈਕਟੀਸ਼ਨਰ ਤੋਂ ਆਪਣਾ ਟੈਸਟ ਪੜਵਾਉਣ ਲਈ ਤੁਹਾਨੂੰ 48 ਤੋਂ 72 ਘੰਟਿਆਂ ਬਾਅਦ ਕਲੀਨਿਕ ਵਿੱਚ ਵਾਪਸ ਜਾਣਾ ਚਾਹੀਦਾ ਹੈ। TB ਦੀ ਲਾਗ ਵਾਲੇ ਲੋਕ ਆਮ ਤੌਰ 'ਤੇ ਟਿਊਬਰਸੋਲ (Tubersol®) ਟੀਕਾ ਲਗਾਉਣ ਵਾਲੀ ਥਾਂ 'ਤੇ ਉੱਚੀ, ਮਜ਼ਬੂਤ ਪ੍ਰਤੀਕ੍ਰਿਆ ਨਾਲ ਪ੍ਰਤੀਕਿਰਿਆ ਕਰਦੇ ਹਨ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸ ਖੇਤਰ ਦੀ ਜਾਂਚ ਕਰੇਗਾ ਜਿੱਥੇ ਪ੍ਰਤੀਕ੍ਰਿਆ ਲਈ ਚਮੜੀ ਦਾ ਟੈਸਟ ਦਿੱਤਾ ਗਿਆ ਸੀ। ਉਹ ਇੰਡਿਊਰੇਸ਼ਨ (ਚਮੜੀ ਦੇ ਹੇਠਾਂ ਸੋਜ) ਨੂੰ ਮਾਪਣਗੇ ਅਤੇ ਤੁਹਾਨੂੰ ਤੁਹਾਡੇ ਟੈਸਟ ਦੇ ਨਤੀਜੇ ਦੱਸਣਗੇ।

## ਟੀਬੀ ਚਮੜੀ ਦੇ ਟੈਸਟ ਦੇ ਨਤੀਜਿਆਂ ਦਾ ਕੀ ਅਰਥ ਹੈ?

**ਇੱਕ ਨੈਗੇਟਿਵ TST** ਦਾ ਆਮ ਤੌਰ 'ਤੇ ਮਤਲਬ ਹੈ ਕਿ ਤੁਹਾਡੇ ਸਰੀਰ ਵਿੱਚ ਟੀਬੀ ਦੇ ਕੀਟਾਣੂ ਨਹੀਂ ਹਨ। ਜ਼ਿਆਦਾਤਰ ਲੋਕਾਂ ਨੂੰ ਹੋਰ ਜਾਂਚਾਂ ਦੀ ਲੋੜ ਨਹੀਂ ਹੁੰਦੀ।

**ਇੱਕ ਪੌਜ਼ਿਟਿਵ TST** ਦਾ ਮਤਲਬ ਹੈ ਕਿ ਤੁਹਾਡੇ ਸਰੀਰ ਵਿੱਚ ਟਭ ਦੇ ਕੀਟਾਣੂ ਹੋ ਸਕਦੇ ਹਨ।

- ਇੱਕ ਪੌਜ਼ਿਟਿਵ TST ਦੇ ਨਤੀਜੇ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਸਕੂਲ, ਕੰਮ 'ਤੇ ਜਾਂ ਵਲੰਟੀਅਰ ਕਰਨ ਨਹੀਂ ਜਾ ਸਕਦੇ, ਪਰ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਹੋਰ ਟੈਸਟਾਂ ਦੀ ਲੋੜ ਹੋ ਸਕਦੀ ਹੈ ਕਿ ਤੁਹਾਨੂੰ ਸਕ੍ਰੀਏ ਟੀਬੀ ਦੀ ਬਿਮਾਰੀ ਨਹੀਂ ਹੈ
- ਇੱਕ ਪੌਜ਼ਿਟਿਵ TST ਦਾ ਮਤਲਬ ਹੈ ਕਿ ਤੁਹਾਨੂੰ ਭਵਿੱਖ ਵਿੱਚ ਇੱਕ ਹੋਰ TST ਕਰਵਾਉਣ ਦੀ ਲੋੜ ਨਹੀਂ ਹੈ। ਸਬੂਤ ਵਜੋਂ ਆਪਣੇ ਪੌਜ਼ਿਟਿਵ ਠਸ਼ਠ ਨਤੀਜਿਆਂ ਦਾ ਰਿਕਾਰਡ ਰੱਖੋ

TST ਦੇ ਨਤੀਜੇ, ਤੁਹਾਡੀ ਜਾਂਚ ਦਾ ਕਾਰਨ ਅਤੇ ਤੁਹਾਡੀ ਆਮ ਸਿਹਤ ਦਾ ਮਤਲਬ ਹੋਰ TB ਟੈਸਟ ਹੋ ਸਕਦਾ ਹੈ, ਜਿਵੇਂ ਕਿ TB ਖੂਨ ਦੀ ਜਾਂਚ, ਛਾਤੀ ਦਾ ਐਕਸ-ਰੇ ਜਾਂ ਥੁੱਕ ਦੇ ਨਮੂਨੇ।

ਛਾਤੀ ਦਾ ਐਕਸ-ਰੇ ਤੁਹਾਡੇ ਫੇਫੜਿਆਂ ਦੀ ਇੱਕ ਤਸਵੀਰ ਹੁੰਦੀ ਹੈ ਜਿਸਦੀ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਇਹ ਦੇਖਣ ਲਈ ਜਾਂਚ ਕਰਦੇ ਹਨ ਕਿ ਕੀ ਤੁਹਾਡੇ ਫੇਫੜਿਆਂ ਵਿੱਚ ਟੀਬੀ ਦੇ ਬੈਕਟੀਰੀਆ ਵਧ ਰਹੇ ਹਨ।

ਥੁੱਕ (ਤੁਹਾਡੇ ਫੇਫੜਿਆਂ ਦੀ ਡੂੰਘਾਈ ਵਿਚੋਂ ਲੇਸਦਾਰ ਪਦਾਰਥ ਜਾਂ ਬਲਗਮ ਜੋ ਖੰਘ ਤੋਂ ਪੈਦਾ ਹੁੰਦੀ ਹੈ) ਨੂੰ ਇੱਕ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਂਦਾ ਹੈ ਅਤੇ ਇਹ ਦੇਖਣ ਲਈ ਜਾਂਚ ਕੀਤੀ ਜਾਂਦੀ ਹੈ ਕਿ ਕੀ ਉਸ ਵਿੱਚ ਟੀਬੀ ਦੇ ਬੈਕਟੀਰੀਆ ਮੌਜੂਦ ਹਨ। ਹੋਰ ਜਾਣਕਾਰੀ ਲਈ, HealthLinkBC File #51b ਤਪਦਿਕ (ਟੀਬੀ) ਜਾਂਚ ਲਈ ਬਲਗਮ ਇਕੱਠੀ ਕਰਨਾ ਦੇਖੋ।

## ਟੀਬੀ ਚਮੜੀ ਦੇ ਟੈਸਟ ਤੋਂ ਬਾਅਦ ਸੰਭਾਵਿਤ ਪ੍ਰਤੀਕ੍ਰਿਆਵਾਂ ਕੀ ਹਨ?

ਤੁਸੀਂ ਚਮੜੀ ਦੀ ਜਾਂਚ ਵਾਲੀ ਥਾਂ 'ਤੇ ਕੁਝ ਲਾਲੀ ਦੀ ਉਮੀਦ ਕਰ ਸਕਦੇ ਹੋ। ਉਸ ਥਾਂ 'ਤੇ ਖਾਰਸ਼ ਹੋ ਸਕਦੀ ਹੈ, ਪਰ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਨੂੰ ਖੁਰਚੋ ਨਾ, ਕਿਉਂਕਿ ਇਸ ਨਾਲ ਲਾਲੀ ਜਾਂ ਸੋਜ ਹੋ ਸਕਦੀ ਹੈ ਜੋ ਚਮੜੀ ਦੀ ਜਾਂਚ ਨੂੰ ਦੇਖਣਾ ਔਖਾ ਬਣਾ ਸਕਦੀ ਹੈ।ਜੇਕਰ ਖੁਜਲੀ ਦੀ ਸਮੱਸਿਆ ਹੈ, ਤਾਂ ਉਸ ਥਾਂ 'ਤੇ ਠੰਡਾ, ਗਿੱਲਾ ਚਿਹਰੇ ਦਾ ਕਪੜਾ ਪਾਓ। ਉਸ ਥਾਂ ਨੂੰ ਪੱਟੀ ਨਾਲ ਨਾ ਢੱਕੋ।

ਇੱਕ ਮਜ਼ਬੂਤ ਪ੍ਰਤੀਕ੍ਰਿਆ ਹਲਕੇ ਦਰਦ ਜਾਂ ਲਾਲੀ ਦਾ ਕਾਰਨ ਬਣ ਸਕਦੀ ਹੈ ਜੋ ਕਈ ਹਫ਼ਤਿਆਂ ਤੱਕ ਰਹਿ ਸਕਦੀ ਹੈ।ਜੇਕਰ ਤੁਹਾਨੂੰ ਬੁਖਾਰ ਹੈ, ਤੁਹਾਡੀ ਬਾਂਹ ਵਿੱਚ ਸੋਜ ਹੈ ਜਾਂ ਤੁਹਾਡੀ ਬਗਲ ਵਿੱਚ ਲਿੰਫ ਨੋਡਾਂ ਵਿੱਚ ਸੋਜ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਆਪਣੀ TST ਪ੍ਰਾਪਤ ਕਰਨ ਤੋਂ ਬਾਅਦ 15 ਮਿੰਟ ਲਈ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ ਕਿਉਂਕਿ ਐਨਾਫ਼ਿਲੈਕਸਿਸ ਨਾਮਕ ਜਾਨਲੇਵਾ ਐਲਰਜੀ ਪ੍ਰਤੀਕ੍ਰਿਆ ਦੀ ਇੱਕ ਬਹੁਤ ਹੀ ਦੁਰਲੱਭ ਸੰਭਾਵਨਾ ਹੈ, ਇੱਕ ਮਿਲੀਅਨ ਵਿੱਚੋਂ 1 ਤੋਂ ਘੱਟ। ਟਿਊਬਰਸੋਲ (Tubersol®) ਦੇ ਨਾਲ ਇੱਕ TST ਤੋਂ ਬਾਅਦ ਐਨਾਫ਼ਿਲੈਕਸਿਸ ਬਹੁਤ ਘੱਟ ਹੀ ਰਿਪੋਰਟ ਕੀਤੀ ਗਈ ਹੈ। ਇਹ ਪ੍ਰਤੀਕਰਮ TST ਦੇ ਇਤਿਹਾਸ ਤੋਂ ਬਿਨਾਂ ਲੋਕਾਂ ਵਿੱਚ ਹੋ ਸਕਦੇ ਹਨ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਮੁਸ਼ਕਲ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਵਿੱਚ ਸੋਜ ਸ਼ਾਮਲ ਹੋ ਸਕਦੀ ਹੈ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰ ਸਕਦਾ ਹੈ।ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰੀਨ (ਐਡਰੇਨਲਿਨ) (eipnephirne (adrenailne)) ਦਾ ਪ੍ਰਬੰਧਨ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ 9-1-1 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਪ੍ਰਤੀਕਰਮਾਂ ਦੀ ਰਿਪੋਰਟ ਕਰਨਾ ਮਹੱਤਵਪੂਰਨ ਹੁੰਦਾ ਹੈ।

## ਕਿਸ ਨੂੰ ਟੀਬੀ ਚਮੜੀ ਦਾ ਟੈਸਟ ਨਹੀਂ ਕਰਵਾਉਣਾ ਚਾਹੀਦਾ ਹੈ?

ਉਹ ਲੋਕ ਜਿੰਨ੍ਹਾਂ:

- ਨੂੰ ਪਹਿਲਾਂ ਐਲਰਜਿਕ ਪ੍ਰਤੀਕ੍ਰਿਆ ਜਾਂ TST ਪ੍ਰਤੀ ਗੰਭੀਰ ਪ੍ਰਤੀਕ੍ਰਿਆ (ਜਿਵੇਂ ਕਿ ਛਾਲੇ ਪੈਣਾ) ਜਾਂ ਟਿਊਬਰਸੋਲ (Tubersol®) ਦੇ ਭਾਗਾਂ ਤੋਂ ਕੋਈ ਐਲਰਜੀ ਹੈ
- ਕੋਲ ਪਿਛਲੇ ਪੋਜ਼ਿਟਿਵ TST ਨਤੀਜੇ ਦੇ ਦਸਤਾਵੇਜ਼
- ਕੋਲ ਪਿਛਲਾ ਇੰਟਰਫੇਰੋਨ ਗਾਮਾ ਰੀਲੀਜ਼ ਅਸੇ (Interferon Gamma Release Assay (IGRAs)) ਰਿਐਕਟਿਵ (ਟੀਬੀ ਦਾ ਖੂਨ ਦਾ ਟੈਸਟ)
- ਨੂੰ ਪਿਛਲੀ ਸਕ੍ਰੀਏ ਟੀਬੀ ਦੀ ਬਿਮਾਰੀ ਜਾਂ LTBI

ਜੇਕਰ ਤੁਹਾਨੂੰ TST ਨਹੀਂ ਕਰਵਾਉਣਾ ਚਾਹੀਦਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਤੁਹਾਡੀ ਸਿਹਤ ਬਾਰੇ ਸਵਾਲ ਪੁੱਛੇਗਾ ਅਤੇ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਇਸ ਦੀ ਬਜਾਏ ਹੋਰ TB ਟੈਸਟਾਂ ਦੀ ਲੋੜ ਹੈ।

## ਮੈਂ ਟੀਬੀ ਦਾ ਚਮੜੀ ਦਾ ਟੈਸਟ ਕਿੱਥੋਂ ਕਰਵਾ ਸਕਦਾ/ਦੀ ਹਾਂ?

TST ਪ੍ਰਾਪਤ ਕਰਨ ਦੇ ਤੁਹਾਡੇ ਕਾਰਨ ਦੇ ਆਧਾਰ 'ਤੇ, ਤੁਸੀਂ ਇਹ ਮੁਫ਼ਤ ਪ੍ਰਾਪਤ ਕਰ ਸਕਦੇ ਹੋ ਜਾਂ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ ਜੇਕਰ ਇਹ ਸਕੂਲ, ਕੰਮ ਜਾਂ ਵਲੰਟੀਅਰ ਕਰਨ ਲਈ ਹੈ।ਪੂਰੇ ਸੂਬੇ ਵਿੱਚ ਸੇਵਾ ਦੇ ਸਥਾਨ ਵੱਖ-ਵੱਖ ਹੁੰਦੇ ਹਨ।TST ਤੁਹਾਡੀ ਪਬਲਿਕ ਹੈਲਥ ਯੂਨਿਟ, ਟਰੈਵਲ ਹੈਲਥ ਕਲੀਨਿਕ, ਫਾਰਮੇਸੀ, ਜਾਂ ਡਾਕਟਰ ਦੇ ਦਫ਼ਤਰ ਵਿੱਚ ਉਪਲਬਧ ਹੋ ਸਕਦੇ ਹਨ।

ਇਹ ਪਤਾ ਲਗਾਉਣ ਲਈ ਆਪਣੀ ਸਥਾਨਕ ਸਿਹਤ ਯੂਨਿਟ ਨਾਲ ਸੰਪਰਕ ਕਰੋ ਕਿ ਤੁਸੀਂ ਆਪਣੇ ਖੇਤਰ ਵਿੱਚ TST ਕਿੱਥੋਂ ਪ੍ਰਾਪਤ ਕਰ ਸਕਦੇ ਹੋ। www.immuinzebc.ca/finder 'ਤੇ ਆਪਣੀ ਸਥਾਨਕ ਸਿਹਤ ਯੂਨਿਟ ਦੀ ਸੰਪਰਕ ਜਾਣਕਾਰੀ ਲੱਭਣ ਲਈ ਇਮਿਊਨਾਈਜ਼ਬੀਸੀ ਹੈਲਥ ਯੂਨਿਟ ਫਾਈਂਡਰ 'ਤੇ ਜਾਓ।

ਤੁਸੀਂ ਹੈਲਥਲਿੰਕਬੀਸੀ ਫਾਈਂਡ ਸਰਵਿਸਿਜ਼ ਐਂਡ ਰਿਸੋਰਸਿਜ਼ ਡਾਇਰੈਕਟਰੀ (HealthLinkBC FIND Services and Resources Directory) 'ਤੇ ਟੀਬੀ ਚਮੜੀ ਦੀ ਜਾਂਚ ਦੇ ਸਥਾਨ ਵੀ ਲੱਭ ਸਕਦੇ ਹੋ:www.healthlinkbc.ca/services-and-resources/find-services.

## ਹੋਰ ਜਾਣਕਾਰੀ ਲਈ

ਟੀਬੀ ਬਾਰੇ ਹੋਰ ਜਾਣਕਾਰੀ ਲਈ, ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ) ਟੀਬੀ ਕਲੀਨਿਕਾਂ ਬਾਰੇ ਜਾਣਕਾਰੀ ਸਮੇਤ, ਇੱਥੇ ਜਾਓ: www.bccdc.ca/health-info/diseases-conditions/tuberculosis.

BC Centre for Disease Control
Provincial Health Services Authority